**ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ ਵਿਭਾਗ ਪੰਜਾਬ,**

(ਪੂਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

**ਜਨਤਕ ਸੂਚਨਾ**

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੇ ਅਧਿਕਾਰ ਖੇਤਰ ਅਧੀਨ, ਨਿਊ ਚੰਡੀਗੜ੍ਹ ਵਿਖੇ ਈਕੋ ਸਿਟੀ ਫੇਜ-3 ਦੀ ਸਥਾਪਨਾ ਲਈ ਪਿੰਡ **ਰਸੂਲਪੁਰ, ਸਲਾਮਤਪੁਰ, ਢੋਡੇ ਮਾਜਰਾ, ਤਕੀਪੁਰ, ਰਾਜਗੜ੍ਹ, ਮਾਜਰਾ, ਕਰਤਾਰਪੁਰ, ਕੰਸਾਲਾ ਅਤੇ ਹੁਸਿਆਰਪੁਰ** ਦੀ ਤਕਰੀਬਨ 713.3750 ਏਕੜ ਭੌਂ ਪ੍ਰਾਪਤੀ ਸਬੰਧੀ ਅਵਾਰਡ "***The Right to Fair Compensation and Transparency in Land Acquisition, Rehabilitation and Resettlement Act, 2013***" ਅਧੀਨ ਕੀਤੇ ਉਪਬੰਧਾਂ ਦੀ ਰੋਸਨੀ ਵਿੱਚ ਮਿਤੀ 24-12-2025 (ਪੂਰਵ ਦੁਪਹਿਰ) ਨੂੰ ਪੂਡਾ ਭਵਨ, ਸੈਕਟਰ 62, ਐਸ.ਏ.ਐਸ.ਨਗਰ ਵਿਖੇ ਅਨਾਊਂਸ ਕੀਤਾ ਗਿਆ। ਭੌਂ ਮਾਲਕ ਜਿਨ੍ਹਾਂ ਦੀ ਭੌਂ ਇਸ ਅਵਾਰਡ ਰਾਹੀਂ ਪ੍ਰਾਪਤ ਕੀਤੀ ਗਈ ਹੈ, ਆਪਣੇ ਨਕਦ ਮੁਆਵਜੇ ਜਾਂ ਲੈਂਡ ਪੂਲਿੰਗ ਲੈਣ ਸਬੰਧੀ ਸਬੰਧੀ ਅਰਜੀਆਂ ਸਣੇ ਲੋੜੀਂਦੇ ਦਸਤਾਵੇਜਾਂ ਦੇ 21 ਅਪਰੈਲ, 2026 ਤੱਕ ਨਿਰਧਾਰਤ ਫਾਰਮ ਤੇ ਨਿਮਨ-ਹਸਤਾਖਰ ਦੇ ਦਫਤਰ ਗਰਾਊਂਡ ਫਲੋਰ, ਪੂਡਾ ਭਵਨ ਸੈਕਟਰ 62, ਐਸ.ਏ.ਐਸ.ਨਗਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਅਰਜੀ ਫਾਰਮ ਦਫਤਰੀ ਕੰਮ ਵਾਲੇ ਦਿਨ ਨਿਜੀ ਤੌਰ ਤੇ ਹਾਸਲ ਕੀਤੇ ਜਾ ਸਕਦੇ ਹਨ ਜਾਂ ਫਿਰ ਗਮਾਡਾ ਦੀ ਵੈਬ-ਸਾਈਟ gmada.gov.in ਤੋਂ ਡਾਊਨ ਲੋਡ ਕਰ ਸਕਦੇ ਹੋ। ਜਿਨ੍ਹਾਂ ਭੌਂ ਮਾਲਕਾਂ ਦੀਆਂ ਅਰਜੀਆਂ ਮਿਥੀ ਮਿਤੀ ਦੇ ਅੰਦਰ ਪ੍ਰਾਪਤ ਨਹੀਂ ਹੋਣਗੀਆਂ, ਉਨ੍ਹਾਂ ਦੇ ਕੇਸਾਂ ਸਬੰਧੀ ਉਕਤ ਐਕਟ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ।

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner